Washington State Health Care Authority

Washington State Department of Social & Health Services
Transforming lives

ਵਾਸ਼ਿੰਗਟਨ ਐਪਲ ਹੈਲਥ
ਪ੍ਰਸ਼ਾਸਨਿਕ ਸੁਣਵਾਈ ਦੇ ਹੱਕ ਅਤੇ ਆਖਰੀ ਮਿਤੀਆਂ

Washington Apple Health Administrative Hearing Rights and Deadlines

ਜੇ ਤੁਸੀਂ ਸਾਡੇ ਫੈਸਲੇ ਦੇ ਨਾਲ ਸਹਿਮਤ ਨਹੀਂ ਹੋ ਜਿਸ ਨੇ ਤੁਹਾਡੀ ਵਾਸ਼ਿੰਗਟਨ ਐਪਲ ਹੈਲਥ ਕਵਰੇਜ ਨੂੰ ਮਨ੍ਹਾਂ ਕੀਤਾ ਹੈ, ਸਮਾਪਤ ਕੀਤਾ ਹੈ, ਜਾਂ ਬਦਲਿਆ ਹੈ, ਤਾਂ ਤੁਹਾਨੂੰ ਪ੍ਰਸ਼ਾਸਨਿਕ ਸੁਣਵਾਈ ਦਾ ਹੱਕ ਹੈ।

- ਸੁਣਵਾਈ ਦੀ ਬੇਨਤੀ ਕਰਨ ਲਈ ਤੁਹਾਡੇ ਕੋਲ ਇਸ ਨੋਟਿਸ ਵਿੱਚ ਸਭ ਤੋਂ ਉੱਪਰ ਦਿੱਤੀ ਮਿਤੀ ਤੋਂ 90 ਦਿਨ ਦਾ ਸਮਾਂ ਹੈ। ਜੇ ਤੁਸੀਂ 90 ਦਿਨਾਂ ਦੇ ਅੰਦਰ ਸੁਣਵਾਈ ਲਈ ਬੇਨਤੀ ਨਹੀਂ ਕਰਦੇ ਹੋ, ਤਾਂ ਤੁਸੀਂ ਸੁਣਵਾਈ ਦਾ ਹੱਕ ਗੁਆ ਸਕਦੇ ਹੋ।
- ਜੇ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਤੁਸੀਂ ਆਪਣੀ ਕਵਰੇਜ ਨੂੰ ਰੱਖਣਾ ਚਾਹੁੰਦੇ ਹੋ, ਤਾਂ ਹੇਠਾਂ ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਜਾਰੀ ਕਵਰੇਜ ਦੇਖੋ।
- ਤੁਸੀਂ ਵਾਸ਼ਿੰਗਟਨ ਐਡਮਿਨਿਸਟ੍ਰੇਟਿਵ ਕੋਡ (WAC), ਦੇ ਚੈਪਟਰ 182-526 ਵਿੱਚ ਸੁਣਵਾਈ ਦੇ ਨਿਯਮ ਦੇਖ ਸਕਦੇ ਹੋ।
- ਜੇ ਤੁਹਾਡੀ ਕਵਰੇਜ ਨੂੰ ਰਾਜ ਜਾਂ ਸੰਘੀ ਕਨੂੰਨ ਵਿੱਚ ਤਬਦੀਲੀ ਦੇ ਕਾਰਨ ਮਨ੍ਹਾਂ ਕੀਤਾ, ਸਮਾਪਤ ਕੀਤਾ, ਜਾਂ ਬਦਲਿਆ ਗਿਆ ਹੈ ਅਤੇ ਇਹ ਤਬਦੀਲੀ ਆਪਣੇ-ਆਪ ਹੀ ਪ੍ਰੋਗਰਾਮ ਵਿੱਚ ਦਾਖਲ ਕੀਤੇ ਗਏ ਸਾਰੇ ਲੋਕਾਂ ਨੂੰ ਇੱਕੋ ਤਰ੍ਹਾਂ ਨਾਲ ਪ੍ਰਭਾਵਿਤ ਕਰਦੀ ਹੈ ਤਾਂ ਹੋ ਸਕਦਾ ਹੈ ਤੁਹਾਡੇ ਕੋਲ ਸੁਣਵਾਈ ਦਾ ਹੱਕ ਨਾ ਹੋਵੇ (RCW 74.09.741(3))।

ਜੇ ਤੁਹਾਡੀ ਆਮਦਨੀ ਘੱਟ ਹੈ, ਕੋਆਰਡੀਨੇਟਿਡ ਲੀਗਲ ਐਜੂਕੇਸ਼ਨ ਅਡਵਾਇਸ ਐਂਡ ਰੈਫ਼ਰਲ (CLEAR) ਮੁਫ਼ਤ ਕਾਨੂੰਨੀ ਸਹਾਇਤਾ ਲੱਭਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ। ਤੁਸੀਂ http://nwjustice.org/clear-online 'ਤੇ ਦਰਖਾਸਤ ਦੇ ਸਕਦੇ ਹੋ, ਜਾਂ:

- ਜੇ 60 ਸਾਲ ਤੋਂ ਘੱਟ ਦੀ ਉਮਰ ਹੈ, ਤਾਂ CLEAR ਨੂੰ 1-888-201-1014 'ਤੇ ਫੋਨ ਕਰੋ।
- ਜੇ 60 ਸਾਲ ਜਾਂ ਵੱਧ ਦੀ ਉਮਰ ਹੈ, ਤਾਂ CLEAR ਸੀਨੀਅਰ ਨੂੰ 1-888-387-7111 'ਤੇ ਫੋਨ ਕਰੋ।

ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਜਾਰੀ ਕਵਰੇਜ

- ਜੇ ਤੁਹਾਡਾ ਨੋਟਿਸ ਕਹਿੰਦਾ ਹੈ ਕਿ ਅਸੀਂ ਤੁਹਾਡੀ ਵਾਸ਼ਿੰਗਟਨ ਐਪਲ ਹੈਲਥ ਕਵਰੇਜ ਨੂੰ ਸਮਾਪਤ ਕਰਾਂਗੇ ਜਾਂ ਬਦਲਾਂਗੇ, ਜਾਂ ਇਹ ਕਹਿੰਦਾ ਹੈ ਕਿ ਅਸੀਂ ਤੁਹਾਡੀ ਪਹਿਲਾਂ ਤੋਂ ਅਧਿਕਾਰਤ ਕੀਤੀਆਂ ਗਈਆਂ ਸੇਵਾਵਾਂ ਨੂੰ ਸਮਾਪਤ ਕਰਾਂਗੇ, ਮੁਲਤਵੀ ਕਰਾਂਗੇ ਜਾਂ ਘਟਾਵਾਂਗੇ ਤਾਂ ਤੁਸੀਂ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਆਪਣੀ ਕਵਰੇਜ ਰੱਖ ਸਕਦੇ ਹੋ।
- ਆਪਣੀ ਕਵਰੇਜ ਨੂੰ ਰੱਖਣ ਲਈ, ਤੁਹਾਨੂੰ ਆਪਣੀ ਕਵਰੇਜ ਜਾਂ ਸੇਵਾ ਦੇ ਸਮਾਪਤ ਹੋਣ ਦੇ ਨਿਯਤ ਸਮੇਂ ਤੋਂ ਪਹਿਲਾਂ ਜਾਂ ਤੁਹਾਨੂੰ ਨੋਟਿਸ ਮਿਲਣ ਦੀ ਮਿਤੀ ਤੋਂ 10 ਕਲੰਡਰ ਦਿਨਾਂ ਦੇ ਅੰਦਰ ਸੁਣਵਾਈ ਦੀ ਮੰਗ ਕਰਨੀ ਚਾਹੀਦੀ ਹੈ। ਅਸੀਂ ਨੋਟਿਸ ਦੀ ਮਿਤੀ ਤੋਂ 5 ਦਿਨਾਂ ਬਾਅਦ ਨੋਟਿਸ ਨੂੰ ਮਿਲ ਗਿਆ ਮੰਨਦੇ ਹਾਂ, ਜਦ ਤਕ ਤੁਸੀਂ ਸਾਨੂੰ ਇਹ ਨਹੀਂ ਦਿਖਾਉਂਦੇ ਹੋ ਕਿ ਤੁਹਾਨੂੰ ਇਹ 5-ਦਿਨਾਂ ਦੀ ਮਿਆਦ ਦੇ ਅੰਦਰ ਨਹੀਂ ਮਿਲਿਆ ਸੀ।
- ਜੇ ਤੁਹਾਨੂੰ ਜਾਰੀ ਕਵਰੇਜ ਜਾਂ ਸੇਵਾ ਮਿਲਦੀ ਹੈ ਅਤੇ ਤੁਸੀਂ ਸੁਣਵਾਈ ਵਿੱਚ ਹਾਰ ਜਾਂਦੇ ਹੋ, ਤਾਂ ਤੁਹਾਨੂੰ 60 ਤਕ ਦਿਨਾਂ ਦੀ ਜਾਰੀ ਕਵਰੇਜ ਹਾਂ ਸੇਵਾਵਾਂ ਦਾ ਵਾਪਸੀ ਭੁਗਤਾਨ ਕਰਨਾ ਪੈ ਸਕਦਾ ਹੈ।
- ਤੁਸੀਂ ਆਪਣੀ ਵਾਸ਼ਿੰਗਟਨ ਐਪਲ ਹੈਲਥ ਦੀ ਦਰਖਾਸਤ ਨੂੰ ਮਨ੍ਹਾਂ ਕੀਤੇ ਜਾਣ ਨੂੰ ਚੁਣੌਤੀ ਦੇਣ ਲਈ ਸੁਣਵਾਈ ਦੀ ਉਡੀਕ ਕਰਦੇ ਸਮੇਂ ਕਵਰੇਜ ਪ੍ਰਾਪਤ ਨਹੀਂ ਕਰ ਸਕਦੇ ਹੋ।

ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਕਰਨੀ

ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਕਰਨ ਵਾਸਤੇ, ਜਾਂ ਜੇ ਤੁਹਾਨੂੰ ਸੁਣਵਾਈ ਵਾਸਤੇ ਬੇਨਤੀ ਕਰਨ ਲਈ ਕਿਸੇ ਦੁਭਾਸ਼ੀਏ ਜਾਂ ਕਿਸੇ ਹੋਰ ਮਦਦ ਦੀ ਲੋੜ ਹੈ, ਤਾਂ ਹੇਠਾਂ ਦਿੱਤਿਆਂ ਵਿੱਚੋਂ ਇੱਕ ਕਰੋ:

- 1-877-501-2233 'ਤੇ ਜਾਂ ਆਪਣੇ ਸਥਾਨਕ ਹੋਮ ਐਂਡ ਕਮਿਊਨਿਟੀ ਸਰਵਿਸ (HCS) ਦੇ ਆਫਿਸ ਨੂੰ ਕਾਲ ਕਰੋ।
- 1-855-873-0642 ਜਾਂ ਆਪਣੇ ਸਥਾਨਕ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ (DDA) ਦੇ ਆਫਿਸ ਨੂੰ ਕਾਲ ਕਰੋ।
- ਚਿੱਠੀ ਲਿਖੋ ਜਾਂ ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਦਾ ਫਾਰਮ HCA 12-507 ਭਰੋ (ਜੋ http://www.hca.wa.gov/medicaid/forms 'ਤੇ ਮਿਲ ਸਕਦਾ ਹੈ) ਅਤੇ
  - 1-888-338-7410 'ਤੇ ਫ਼ੈਕਸ ਕਰੋ; ਜਾਂ
  - ਡਾਕ ਰਾਹੀਂ ਭੇਜੋ:

    CSD Customer Service Center
    PO Box 11699
    Tacoma, WA 98411-6699

ਅਸੀਂ ਤੁਹਾਡੇ ਕੇਸ ਦੀ ਸਮੀਖਿਆ ਕਰਾਂਗੇ ਅਤੇ ਸੁਣਵਾਈ ਤੋਂ ਪਹਿਲਾਂ ਮੁੱਦੇ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਾਂਗੇ।